ਮੰਗਲਵਾਰ
12, ਜਨਵਰੀ 2010
30 ਪੋਹ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 273,
ਸਾਲ 25
Postal Regd. No.
PB/0007/09-2011

www.ajdiawaaz.com **ਪੰਜਾਬ ਦੀ ਉਮੀਦ** info@ajdiawaaz.com





ਸ਼ਹਿਰ ਤੇ ਆਸ-ਪਾਸ
ਆਦਿ ਧਰਮ ਸਤਿਸੰਗ ਕਰਵਾਇਆ 3

ਸੰਪਾਦਕੀ
ਭਾਰਤ ਵਿੱਚ ਜੀਵਨ ਪੱਧਰ ਦਾ ਨਿਘਾਰ 4



ਸਿੱਖ ਧਰਮ
ਖ਼ਾਲਸਹਿ ਪੰਥ ਦੀ ਅਦਰਾਸ ਦਾ ਬੋਲਬਾਲਾ 8


## ਸੋਲਰ ਊਰਜਾ 'ਚ ਸੱਨਅਤਕਾਰਾਂ ਦੀ ਵਿਸ਼ੇਸ਼ ਭੂਮਿਕਾ-ਮਨਮੋਹਨ

### ਜਵਾਹਰ ਲਾਲ ਨਹਿਰੂ ਕੌਮੀ ਸੋਲਰ ਮਿਸ਼ਨ ਦਾ ਉਦਘਾਟਨ

ਨਵੀਂ ਦਿੱਲੀ, 11 ਜਨਵਰੀ (ਵਿਸ਼ਵ ਵਾਰਤਾ)- ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸੰਨ 2022 ਤੱਕ ਸੂਰਜੀ ਊਰਜਾ ਦਾ 20 ਹਜ਼ਾਰ ਮੈਗਾਵਾਟ ਦਾ ਟੀਚਾ ਹਾਸਿਲ ਕਰਨ ਲਈ ਸਾਰਿਆਂ ਨੂੰ ਵਚਨਬੱਧਤਾ ਨਾਲ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਅੱਜ ਨਵੀਂ ਦਿੱਲੀ ਵਿੱਚ ਜਵਾਹਰ ਲਾਲ ਨਹਿਰੂ ਕੌਮੀ ਸੋਲਰ ਮਿਸ਼ਨ ਦਾ ਉਦਘਾਟਨ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਇੱਕ ਵੱਡਾ ਟੀਚਾ ਹੈ। ਪਰ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਜੇ ਅਸੀਂ ਸਾਰੇ ਇੱਕਜੁਟ ਹੋ ਕੇ ਯਤਨ ਕਰਾਂਗੇ ਤਾਂ ਇਸ ਟੀਚੇ ਨੂੰ ਹਰ ਹਿੱਲੇ ਹਾਸਿਲ ਕਰ ਲਵਾਂਗੇ। ਉਨ੍ਹਾਂ ਕਿਹਾ ਕਿ ਇਸ ਨਾਲ ਰਵਾਇਤੀ ਈਂਧਣ ਉਤੇ ਸਾਡੀ ਨਿਰਭਰਤਾ ਘਟੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਕੌਮੀ ਸੋਲਰ ਮਿਸ਼ਨ ਵਿੱਚ ਸਨਅਤਕਾਰਾਂ ਦੀ ਇੱਕ ਵਿਸ਼ੇਸ਼ ਭੂਮਿਕਾ ਹੈ ਉਨ੍ਹਾਂ ਕਿਹਾ ਕਿ ਸਨਅਤਾਂ ਨੇ ਜਿਸ ਤਰ੍ਹਾਂ ਸੂਚਨਾ ਤਕਨਾਲੌਜੀ ਦੇ ਪ੍ਰਸਾਰ ਵਿੱਚ ਆਪਣਾ ਯੋਗਦਾਨ ਪਾਇਆ ਹੈ ਉਸੇ ਤਰ੍ਹਾਂ ਹੀ ਉਨ੍ਹਾਂ ਨੂੰ ਹੁਣ ਸੂਰਜੀ ਊਰਜਾ ਦੇ ਖੇਤਰ ਵਿੱਚ ਵੀ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਵਪਾਰਕ ਪੱਖੋਂ ਵੀ ਵਧੀਆ ਸੰਭਾਵਨਾਵਾਂ ਮੌਜੂਦ ਹਨ। ਉਨ੍ਹਾਂ ਕਿਹਾ ਕਿ ਸੂਰਜੀ

(ਬਾਕੀ ਸਫਾ 2 'ਤੇ)




## ਘਟਨਾਵਾਂ ਦੀ ਜਾਂਚ 'ਚ ਤੇਜ਼ੀ ਲਿਆਵੇ ਆਸਟ੍ਰੇਲੀਆ-ਕ੍ਰਿਸ਼ਨਾ

ਨਵੀਂ ਦਿੱਲੀ, 11 ਜਨਵਰੀ (ਵਿਸ਼ਵ ਵਾਰਤਾ)-ਆਸਟ੍ਰੇਲੀਆ ਵਿਚ ਭਾਰਤੀਆਂ ਉਤੇ ਹੋ ਰਹੇ ਲਗਾਤਾਰ ਹਮਲਿਆਂ ਤੋਂ ਚਿੰਤਤ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਅੱਜ ਆਪਣੇ ਆਸਟ੍ਰੇਲੀਆਈ ਹਮ-ਅਹੁਦਾ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਜਾਂਚ ਵਿਚ ਤੇਜ਼ੀ ਲਿਆਉਣ ਲਈ ਕਿਹਾ। ਸ੍ਰੀ ਕ੍ਰਿਸ਼ਨਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੈਂ ਆਸਟ੍ਰੇਲੀਆ ਦੇ ਵਿਦੇਸ਼ ਮੰਤਰੀ ਨਾਲ ਗੱਲਬਾਤ ਕੀਤੀ ਹੈ। ਮੈਂ ਭਾਰਤੀ ਵਿਦਿਆਰਥੀਆਂ 'ਤੇ ਹਮਲੇ ਦੀਆਂ ਵਧਦੀਆਂ ਘਟਨਾਵਾਂ ਵੱਲ ਉਨ੍ਹਾਂ ਦਾ ਧਿਆਨ ਦਿਵਾਇਆ ਹੈ। ਉਨ੍ਹਾਂ ਕਿਹਾ ਕਿ ਮੈਂ ਜਾਂਚ ਵਿਚ ਤੇਜ਼ੀ ਲਿਆਉਣ ਲਈ ਅਪੀਲ ਕੀਤੀ ਹੈ ਤਾਂ ਕਿ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਂਦਾ ਜਾ ਸਕੇ। ਵਰਣਨਯੋਗ ਹੈ ਕਿ ਆਸਟ੍ਰੇਲੀਆ ਵਿਚ ਬੀਤੇ ਦਿਨੀਂ ਭਾਰਤੀ ਵਿਦਿਆਰਥੀਆਂ ਉਤੇ ਕਾਫੀ ਹਮਲੇ ਹੋਏ ਹਨ। ਮੰਤਰੀ ਨੇ ਇਨ੍ਹਾਂ ਮਾਮਲਿਆਂ ਦੀ ਜਾਂਚ ਦੀ ਸਥਿਤੀ 'ਤੇ ਵੀ

(ਬਾਕੀ ਸਫਾ 2 'ਤੇ)



## ਹਾਈ ਕੋਰਟ ਤੋਂ ਵੀ ਰਾਠੌਰ ਨੂੰ ਨਾ ਪਈ ਖ਼ੈਰ

### ਸੀ. ਬੀ. ਆਈ. ਨੇ ਕੱਸਿਆ ਸ਼ਿੰਕਜਾ

ਚੰਡੀਗੜ੍ਹ, 11 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਬਹੁਚਰਚਿਤ ਰੁਚਿਕਾ ਛੇੜਛਾੜ ਅਤੇ ਖੁਦਕੁਸ਼ੀ ਲਈ ਮਜ਼ਬੂਰ ਕਰਨ ਦੇ ਕੇਸਾਂ ਵਿੱਚ ਅਜੇ ਤੱਕ ਕੋਈ ਰਾਹਤ ਨਹੀਂ ਦਿੱਤੀ ਜਾਂਦੀ ਨਾ ਹੀ ਕੋਈ ਅੰਤਰਿਮ ਜਮਾਨਤ ਹੀ ਦਿੱਤੀ ਹੈ। ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਣਯੋਗ ਜਸਟਿਸ ਸ੍ਰੀਮਤੀ ਸਬੀਨਾ ਦੇ ਆਧਾਰਤ ਬੈਂਚ ਤੇ ਅੱਗੇ ਹਰਿਆਣਾ ਦੇ ਸਾਬਕਾ ਡਾਇਰੈਕਟਰ ਡੀ.ਐੱਸ.ਪੀ.ਦੇ ਕੇਸ ਦੀ ਸੁਣਵਾਈ ਹੋਈ ਹੈ। ਜਿਸ ਵਿੱਚ ਉਨ੍ਹਾਂ ਵੱਲੋਂ ਅਦਾਲਤ ਤੋਂ ਰੁਚਿਕਾ ਕੇਸ ਵਿੱਚ ਅੰਤਰਿਮ ਜਮਾਨਤ ਲਈ ਰਾਹਤ ਮੰਗੀ ਸੀ। ਅੱਜ ਮਾਣਯੋ.ਗ ਹਾਈਕੋਰਟ ਵਿੱਚ ਐੱਸ.ਈ.ਐੱਸ. ਦੇ ਵਕੀਲ ਰਿਫੋਰ ਨੇ ਦਾਇਰ ਰਿਟ ਪਟੀਸ਼ਨ ਤੇ ਆਪਣੀਆਂ ਦਲੀਲਾਂ ਦੇਣੀਆਂ ਸ਼ੁਰੂ ਕਰ ਦਿਤੀਆਂ ਹਨ। ਹੇਠਲੀ ਅਦਾਲਤ ਤੇ ਜੋ ਰਿਠੌਰ ਦੀ ਅੰਤਰਿਮ ਜਮਾਨਤ ਦੀ ਪੇਸ਼ ਅਰਜੀ ਨੂੰ ਖਾਰਜ ਕੀਤਾ ਹੈ। ਉਹ ਬਿਲਕੁਲ ਗਲਤ ਹੈ। ਇਹ ਸਿਰਫ ਮੀਡੀਆ ਦੇ ਦਬਾਅ ਹੇਠ ਆ ਕੇ ਫੈਸਲਾ ਕੀਤਾ ਹੈ। ਇਹ ਬਹੁਤ ਹੀ ਅਰਜੈਂਟ ਮੈਟਰ ਹੈ। ਇਸ ਤੋਂ ਅਜੇ ਹੀ ਸੁਣਵਾਈ ਹੋਣੀ ਚਾਹੀਦੀ ਹੈ। ਮੇਰੇ ਮੁਅਕਲ ਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਹੈ। ਉੱਧਰ ਰੁਚਿਕਾ ਦੇ ਭਰਾ ਦੇ ਵਕੀਲ ਪੰਕਜ ਭਾਰਦਵਾਜ ਨੇ ਵੀ ਇਸ ਸਬੰਧਈ ਆਪਣੀਆਂ ਧੜਾਧੜ ਦਲੀਲਾਂ ਪੇਸ਼ ਕੀਤੀਆਂ ਤੇ ਕਿਹਾ ਕਿ ਸਰਕਾਰ ਇਸ ਕੇਸ ਵਿੱਚ ਮੁਲਜ਼ਮ ਦੀ ਮੱਦਦ ਕਰ ਰਹੀ ਹੈ। ਰਠੌਰ ਨੇ ਆਪਣੇ ਅਹੁਦੇ ਦੀ ਕਿਸ ਤਰ੍ਹਾਂ ਦੁਰਵਰਤੋਂ ਕਰਕੇ ਰੁਚਿਕਾ ਨੂੰ ਖੁਦਕੁਸ਼ੀ ਕਰਨ ਤੇ ਮਜ਼ਬੂਰ ਕੀਤਾ। ਉਸਦੇ ਭਰਾ ਆਸ਼ੂ ਤੇ ਝੂਠੇ ਕੇਸ ਦਰਜ ਕਰਕੇ ਉਸਨੂੰ ਜਲੀਲ ਕੀਤਾ। ਇਸ ਲਈ ਰਾਠੌਰ ਨੂੰ ਕੋਈ ਅੰਤਰਿਮ ਜਮਾਨਤ ਨਾ ਦਿੱਤੀ ਜਾਵੇ। ਅਦਾਲਤ ਨੇ ਦੋਵਾਂ ਪਾਸਿਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕੇਸ ਦੀ ਸੁਣਵਾਈ ਕੱਲ੍ਹ ਤੱਕ ਮੁਲਤਵੀ ਕਰ ਦਿੱਤੀ।



## ਜੋਤੀ ਬਾਸੂ ਦੀ ਸਿਹਤ 'ਚ ਕੋਈ ਸੁਧਾਰ ਨਹੀਂ

ਕੋਲਕਾਤਾ, 11 ਜਨਵਰੀ (ਵਿਸ਼ਵ ਵਾਰਤਾ)- ਮਾਰਕਸੀ ਆਗੂ ਤੇ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਜੋਤੀ ਬਾਸੂ (95) ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਹੋਇਆ ਹੈ। ਅਜੇ ਵੀ ਉਨ੍ਹਾਂ ਨੂੰ ਜੀਵਨ ਸੁਰੱਖਿਅਕ ਸਾਹ ਪ੍ਰਣਾਲੀ (ਵੈਂਟੀਲੇਟਰ) 'ਤੇ ਰੱਖਿਆ ਹੋਇਆ ਹੈ। ਬੀਤੀ ਇਕ ਜਨਵਰੀ ਤੋਂ ਬਾਸੂ ਨਮੋਨੀਆ ਤੋਂ ਪੀੜਤ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਬਾਸੂ ਨੂੰ ਦਿੱਤੀ ਜਾ ਰਹੀ ਆਕਸੀਜਨ ਦਾ ਕੇਵਲ 40 ਫੀਸਦੀ ਹੀ ਲੈ ਪਾ ਰਹੇ ਹਨ। ਇਸ ਦੌਰਾਨ ਡਾਕਟਰ ਲਗਾਤਾਰ ਉਨ੍ਹਾਂ ਦੀ ਦੇਖਭਾਲ ਕਰ ਰਹੇ ਹਨ। ਉਨ੍ਹਾਂ ਨੂੰ ਤਰਲ ਆਹਾਰ ਦਿੱਤਾ ਜਾ ਰਿਹਾ ਹੈ ਅਤੇ ਦਵਾਈ ਰਾਹੀਂ ਉਨ੍ਹਾਂ ਦੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕੀਤਾ ਜਾ



### ਚੀਨ ਵੱਲੋਂ ਭਾਰਤੀ ਇਲਾਕੇ 'ਤੇ ਕਬਜ਼ੇ ਦਾ ਮਾਮਲਾ

## ਹਰਸਿਮਰਤ ਬਾਦਲ ਵੱਲੋਂ ਸੰਸਦ ਦਾ ਹੰਗਾਮੀ ਸੈਸ਼ਨ ਸੱਦਣ ਦੀ ਮੰਗ

ਜਲੰਧਰ 11 ਜਨਵਰੀ (ਮਲਕੀਤ ਸਿੰਘ ਬਰਾੜ)-ਬਠਿੰਡਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਅੱਜ ਅਸਲ ਨਿਯੰਤਰਣ ਰੇਖਾ ਦੇ ਨਾਲ-ਨਾਲ ਚੀਨ ਵਲੋਂ ਵੱਡਾ ਭਾਰਤੀ ਇਲਾਕਾ ਦੱਬੇ ਜਾਣ ਦੇ ਗੰਭੀਰ ਮੁੱਦੇ 'ਤੇ ਬਹਿਸ ਲਈ ਸੰਸਦ ਦਾ ਵਿਸ਼ੇਸ਼ ਹੰਗਾਮੀ ਸੈਸ਼ਨ ਸੱਦੇ ਜਾਣ ਦੀ ਮੰਗ ਕੀਤੀ ਹੈ। ਅੱਜ ਇਥੇ ਜਾਰੀ ਇਕ ਪ੍ਰੈਸ ਬਿਆਨ ਰਾਹੀਂ ਸ਼੍ਰੀਮਤੀ ਬਾਦਲ ਨੇ ਕਿਹਾ ਕਿ ਜਿਹੜੀ ਸਰਕਾਰ ਆਪਣੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਨਹੀਂ ਕਰ ਸਕਦੀ ਉਸ ਨੂੰ ਸੱਤ੍ਹਾ ਵਿਚ ਬਣੇ ਰਹਿਣ ਦਾ ਕੋਈ ਹੱਕ ਨਹੀਂ। ਉਨ੍ਹਾਂ ਕਿਹਾ ਕਿ ਬੜੇ ਅਫਸੋਸ ਵਾਲੀ ਗੱਲ ਹੈ ਕਿ ਚੀਨ ਦੀ ਪੀਪਲਸ ਲਿਬਰੇਸ਼ਨ ਆਰਮੀ ਭਾਰਤੀ ਖੇਤਰ ਅੰਦਰ ਸਥਾਨਕ ਲੋਕਾਂ ਨੂੰ ਡਰਾ ਧਮਕਾ ਅਤੇ ਉਨ੍ਹਾਂ ਤੇ ਹਮਲੇ ਕਰਕੇ ਲਗਾਤਾਰ ਭਾਰਤੀ ਖਿੱਤੇ ਨੂੰ ਆਪਣੇ ਕਬਜ਼ੇ ਵਿੱਚ ਲੈ ਰਹੀ ਹੈ ਪ੍ਰੰਤੂ ਸਾਡੀ ਸਰਕਾਰ ਨੇ ਅੱਖਾਂ ਮੀਚ ਰੱਖੀਆਂ ਹਨ। ਉਨ੍ਹਾਂ ਕਿਹਾ ਕਿ ਜੰਮੂ ਅਤੇ ਕਸ਼ਮੀਰ ਸਰਕਾਰ ਵਲੋਂ ਕੇਂਦਰ ਸਰਕਾਰ ਨੂੰ ਇਹ ਹੰਗਾਮੀ ਸੰਦੇਸ਼ ਭੇਜੇ ਜਾਣ ਦੇ ਚੀਨ ਦੀ ਫੌਜ ਕਬਾਇਲੀਆਂ/ਗੁਜਰਾਂ ਨੂੰ ਧਮਕਾ ਰਹੀ ਹੈ ਅਤੇ ਉਨ੍ਹਾਂ ਦੀਆਂ ਝੌਂਪੜੀਆਂ ਆਦਿ ਵੀ ਸਾੜ ਰਹੀ ਹੈ। ਪ੍ਰੰਤੂ ਭਾਰਤ ਸਰਕਾਰ ਇਸ ਅਤਿ ਗੰਭੀਰ ਮੁੱਦੇ ਨੂੰ ਛਿਪਾ ਰਹੀ ਹੈ। ਸ਼੍ਰੀਮਤੀ ਬਾਦਲ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਕਾਰਨ ਹੀ ਕੌਮਾਂਤਰੀ ਭਾਈਚਾਰੇ ਵਿੱਚ ਭਾਰਤ ਦਾ ਇਕ ਕਮਜ਼ੋਰ ਦੇਸ਼ ਵਾਲਾ ਅਕਸ਼ ਬਣ ਰਿਹਾ ਹੈ ਜੋ ਆਪਣੀ ਏਕਤਾ ਅਤੇ ਪ੍ਰਭਸੱਤਾ ਤੇ ਹਮਲੇ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕਰਦਾ ਅਤੇ ਸਾਡੇ ਗੁਆਂਢੀ ਦੇਸ਼ ਇਸ ਦਾ ਫਾਇਦਾ ਉਠਾ ਰਹੇ ਹਨ। ਉਨ੍ਹਾਂ ਅਜਿਹੀ ਸਥਿਤੀ ਲਈ ਯੂ.ਪੀ.ਏ. ਸਰਕਾਰ ਨੂੰ ਪੂਰੀ ਤਰ੍ਹਾਂ ਦੋਸ਼ੀ ਠਹਿਰਾਇਆ। ਉਨ੍ਹਾਂ ਕਿਹਾ ਕਿ ਮੌਜੂਦਾ ਕੇਂਦਰ ਸਰਕਾਰ ਦੀ 26/11 ਮੁੰਬਈ ਹਮਲੇ ਦੇ ਸ਼ਾਜਿਸ਼ਕਾਰਾਂ ਵਿਰੁੱਧ ਕਾਰਵਾਈ ਲਈ ਪਾਕਿਸਤਾਨ 'ਤੇ ਦਬਾਅ ਪਾਉਣ, ਅਮਰੀਕਾ ਤੋਂ ਹੈਡਲੀ ਦੀ ਹਵਾਲਗੀ ਅਤੇ

(ਬਾਕੀ ਸਫਾ 2 'ਤੇ)



### ਹਰਸਿਮਰਤ ਤੇ ਸੁਖਬੀਰ ਵੱਲੋਂ ਮੌੜ ਮੰਡੀ ਦਾ ਦੌਰਾ

## ਲੋਕ ਸਮੱਸਿਆਵਾਂ ਦੇ ਹੱਲ ਦਾ ਭਰੋਸਾ



(ਫੋਟੋ : ਰਣਜੀਤ ਰਾਜੂ)

ਮੌੜ ਮੰਡੀ 11 ਜਨਵਰੀ (ਸ਼ਾਮ ਲਾਲ ਜੋਧਪੁਰੀਆ) – ਪੰਜਾਬ ਦੇ ਉਪ ਮੁੱਖ ਮੰਤਰੀ ਸ੍ਰ ਸੁਖਬੀਰ ਸਿੰਘ ਬਾਦਲ ਅਤੇ ਬਠਿੰਦਾ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਅੱਜ ਮੌੜ ਮੰਡੀ ਦੇ ਮਿਲਨ ਪੈਲੇਸ ਵਿਖੇ ਪਹੁੰਚੇ। ਇੰਨਾਂ ਨਾਲ ਮੁੱਖ ਪਾਰਲੀਮਾਨੀ ਸਕੱਤਰ ਸ੍ਰ ਜਗਦੀਪ ਸਿੰਘ ਨਕੱਈ, ਸ਼੍ਰੋਮਣੀ ਅਕਾਲੀ ਦਲ ਬਾਦਲ ਤਲਵੰਡੀ ਸਾਬੋ ਦੇ ਹਲਕਾ ਇੰਚਾਰਜ ਸ੍ਰ ਅਮਰਜੀਤ ਸਿੰਘ ਖਾਨਾ, ਸ਼੍ਰੋਮਣੀ ਅਕਾਲੀ ਦਲ ਬਾਦਲ ਬਠਿੰਦ ਹਲਕਾ ਇੰਚਾਰਜ ਸ਼੍ਰੀ ਸਰੂਪ ਚੰਦ ਸਿੰਗਲਾ, ਨਗਰ ਕੌਂਸਲ

(ਬਾਕੀ ਸਫਾ 2 'ਤੇ)

## ਸਿਮਰ ਸਦੋਸ਼ ਨੂੰ ਆਨਰੇਰੀ ਡਿਗਰੀ

ਜਲੰਧਰ, 11 ਜਨਵਰੀ (ਅ.ਬ)-ਬਿਹਾਰ ਦੀ ਇੱਕ ਯੂਨੀਵਰਸਿਟੀ ਵਿਕਰਮਸ਼ਿਲਾ ਹਿੰਦੀ ਵਿੱਦਿਆਪੀਠ (ਗਾਂਧੀ ਨਗਰ) ਵੱਲੋਂ ਹਿੰਦੀ ਦੇ ਮੰਨੇ-ਪ੍ਰਮੰਨੇ ਸਾਹਿਤਕਾਰ ਤੇ ਸੀਨੀਅਰ ਪੱਤਰਕਾਰ ਸ੍ਰੀ ਸਿਮਰ ਸਦੋਸ਼ ਨੂੰ ਸਨਮਾਜਨਕ ਵਿੱਦਿਆ ਵਾਚਸਪਤੀ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ। ਸ੍ਰੀ ਸੁਦੇਸ਼ ਨੂੰ ਇਹ ਡਿਗਰੀ ਸਾਹਿਤ, ਸਮਾਜ ਤੇ ਪੱਤਰਕਾਰਾਂ ਪ੍ਰਤੀ ਸੇਵਾਵਾਂ ਨੂੰ ਵੇਖਦੇ ਹੋਏ ਵਿੱਦਿਆਪੀਠ ਵਾਈਸ ਚਾਂਸਲਰ ਡਾ. ਤੇਜ ਨਾਰਾਇਣ ਕੁਸ਼ਵਾਹਾ ਤੇ ਸਕੱਤਰ ਡਾ. ਦਵਿੰਦਰ ਨਾਥ ਸ਼ਾਹ ਦੇ ਦਸਤਖ਼ਤਾਂ ਹੇਠ ਪ੍ਰਦਾਨ ਕੀਤੀ ਗਈ ਹੈ। ਸਾਹਿਤਕ ਖੇਤਰ 'ਚ ਪਹਿਲੀ ਵਾਰ ਇਹ ਡਿਗਰੀ ਸ੍ਰੀ ਸਦੋਸ਼ ਨੂੰ ਮਿਲੀ ਹੈ।



## ਜੋਤਸ਼ੀ ਨਹੀਂ, ਜੋ ਦੱਸ ਸਕਾਂ ਖੰਡ ਕਦੋਂ ਸਸਤੀ ਹੋਵੇਗੀ-ਪਵਾਰ

### ਠੀਕਰਾ ਯੂ.ਪੀ. ਸਰਕਾਰ ਸਿਰ ਭੰਨਿਆ

ਨਵੀਂ ਦਿੱਲੀ, 11 ਜਨਵਰੀ (ਵਿਸ਼ਵ ਵਾਰਤਾ)-ਖੁਰਾਕ ਪਦਾਰਥਾਂ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਨੇ ਜਿਥੇ ਆਮ ਆਦਮੀ ਨੂੰ ਭਾਰੀ ਮੁਸ਼ਕਿਲਾਂ ਵਿਚ ਪਾਇਆ ਹੋਇਆ ਹੈ ਉਥੇ ਸਰਕਾਰ ਮਹਿੰਗਾਈ ਨੂੰ ਠੱਲ ਪਾਉਣ ਲਈ ਆਪਣੇ ਹੱਥ ਖੜ੍ਹੇ ਕਰ ਰਹੀ ਹੈ। ਇਸ ਦੌਰਾਨ ਖੰਡ ਦੀਆਂ ਲਗਾਤਾਰ ਅਸਮਾਨ ਛੂਹ ਰਹੀਆਂ ਕੀਮਤਾਂ ਨੂੰ ਲੈ ਕੇ ਆਮ ਇਨਸਾਨ ਫਿਕਰਮੰਦ ਹੋ ਰਿਹਾ ਹੈ। ਇਸ ਦੌਰਾਨ ਮਹਿੰਗਾਈ ਦੇ ਮੁੱਦੇ 'ਤੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਮੈਂ ਕੋਈ ਜੋਤਸ਼ੀ ਨਹੀਂ ਹਾਂ, ਜੋ ਇਹ ਗੱਲ ਦੱਸ ਸਕਾਂ ਕਿ ਮਹਿੰਗਾਈ ਕਦੋਂ ਰੁਕੇਗੀ। ਸਰਕਾਰ ਨੇ ਚੀਨੀ ਦੀਆਂ ਵਧਦੀਆਂ ਕੀਮਤਾਂ ਦਾ ਠੀਕਰਾ ਉਤਰ ਪ੍ਰਦੇਸ਼ ਸਰਕਾਰ ਸਿਰ ਭੰਨਿਆ ਹੈ। ਸ਼ਰਦ ਪਵਾਰ ਅਨੁਸਾਰ ਚੀਨੀ ਦੀਆਂ ਕੀਮਤਾਂ 'ਤੇ ਨੱਥ ਪਾਉਣ ਲਈ ਵਿਦੇਸ਼ ਤੋਂ 20 ਲੱਖ ਟਨ ਰਾਅ ਚੀਨੀ ਮੰਗਾਈ ਗਈ ਸੀ ਪਰ ਯੂ.ਪੀ. ਸਰਕਾਰ ਨੇ ਇਸ ਦੀ ਪ੍ਰੋਸੈਸਿੰਗ ਦੀ ਇਜਾਜ਼ਤ ਨਹੀਂ ਦਿੱਤੀ। ਉਹਨਾਂ ਕਿਹਾ ਕਿ ਕਾਂਡਲਾ ਪੋਰਟ 'ਤੇ ਇਹ ਚੀਨੀ ਉਂਜ ਹੀ ਪਈ ਹੋਈ ਹੈ। ਜ਼ਿਕਰਯੋਗ ਹੈ ਕਿ ਮਹਿੰਗਾਈ ਰੋਕਣ ਲਈ ਕੇਂਦਰ ਸਰਕਾਰ ਲਗਾਤਾਰ ਅਸਫ਼ਲ ਸਾਬਿਤ ਹੋਈ ਹੈ। ਸਰਕਾਰ ਦੇ ਕਥਿਤ ਅਨੇਕ ਯਤਨਾਂ ਦੇ ਬਾਵਜੂਦ ਮਹਿੰਗਾਈ ਬੇਹਿਸਾਬ ਵਧੀ ਰਹੀ ਹੈ, ਜਿਸ ਕਰਕੇ ਆਮ ਆਦਮੀ ਦਾ ਜਿਊਣਾ ਦੁੱਭਰ ਹੋ ਗਿਆ ਹੈ। ਮਹਿੰਗਾਈ ਦੀ ਸਥਿਤੀ ਇਹ ਹੈ ਕਿ ਚੀਨੀ ਦੀਆਂ ਕੀਮਤਾਂ 20-25 ਰੁਪਏ ਪ੍ਰਤੀ ਕਿਲੋ ਵਧ ਕੇ 45 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ। ਚੀਨੀ ਦੀਆਂ ਕੀਮਤਾਂ ਵਿੱਚ ਸਿਰਫ਼ ਪਿਛਲੇ ਇੱਕ ਮਹੀਨੇ ਵਿੱਚ ਹੀ 5-6 ਰੁਪਏ ਪ੍ਰਤੀ ਕਿਲੋ ਦਾ ਵਾਧਾ ਹੋ ਚੁੱਕਾ ਹੈ। ਉਥੇ ਹੀ, ਦਾਲ, ਚੌਲ, ਆਟਾ, ਤੇਲ ਸਮਤੇ ਲਗਭਗ ਸਾਰੇ ਖ਼ਾਦ ਪਦਾਰਥਾਂ ਦੀਆਂ ਕੀਮਤਾਂ ਵੀ ਲਗਾਤਾਰ ਵਧ ਰਹੀਆਂ ਹਨ।



## ਭਾਜਪਾ ਦੇ ਕੌਮੀ ਪ੍ਰਧਾਨ ਨਿਤਨ ਗਡਕਰੀ ਦੇ ਪੰਜਾਬ ਦੌਰੇ ਬਾਰੇ ਸਿਆਸੀ ਹਲਕਿਆਂ 'ਚ ਘੁਸਰ-ਮੁਸਰ

ਚੰਡੀਗੜ੍ਹ, 11 ਜਨਵਰੀ (ਹਰੀਸ਼ ਚੰਦਰ ਬਾਗਾਂਵਾਲੀ)-ਭਾਜਪਾ ਦੇ ਕੌਮੀ ਪ੍ਰਧਾਨ ਨਿਤਨ ਗਡਕਰੀ ਦੇ ਅਗਾਮੀ ਦੋ ਦਿਨਾ ਪੰਜਾਬ ਦੌਰੇ ਨੂੰ ਲੈ ਕੇ ਪੰਜਾਬ ਭਾਜਪਾ ਪੱਬਾਂ ਭਾਰ ਹੋਈ ਫਿਰਦੀ ਹੈ। ਬਿਜਲੀ ਦੇ ਮੁੱਦੇ 'ਤੇ ਅਕਾਲੀ ਦਲ ਨੂੰ ਚਿੱਤ ਕਰਨ ਵਾਲੀ ਪੰਜਾਬ ਭਾਜਪਾ ਇਕਾਈ ਨੂੰ ਗਡਕਰੀ ਦਾ ਪਿਛਲੇ ਦਿਨੀਂ ਮਿਲਿਆ ਜ਼ੋਰਦਾਰ ਸਮਰੱਥਨ ਸਿਆਸੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਭਾਜਪਾ ਦੇ ਇੰਚਾਰਜ ਬਲਬੀਰ ਪੁੰਜ ਦੇ ਸੱਦੇ 'ਤੇ ਨੀਤਨ ਗਡਕਰੀ 16 ਤੇ 17 ਜਨਵਰੀ ਨੂੰ ਦੋ ਦਿਨਾ ਪੰਜਾਬ ਦੌਰੇ 'ਤੇ ਆ ਰਹੇ ਹਨ। ਉਹ ਇੱਕ ਦੋ ਦਿਨੀਂ ਅੰਮ੍ਰਿਤਸਰ ਵਿਖੇ ਭਾਜਪਾ ਦੇ ਨੇਤਾਵਾਂ ਨਾਲ ਗੁਫਤਗੂ ਕਰਨਗੇ। ਨਾਲ ਹੀ 17 ਜਨਵਰੀ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ

(ਬਾਕੀ ਸਫਾ 2 'ਤੇ)


### ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥



ਬ੍ਰਹਮ-ਗਿਆਨੀ ਭਾਈ ਜਗਤਾ ਰਾਮ ਜੀ



ਸ੍ਰੀਮਾਨ 108 ਮਹੰਤ ਆਸਾ ਸਿੰਘ ਜੀ



ਸ੍ਰੀਮਾਨ 108 ਮਹੰਤ ਤੀਰਥ ਸਿੰਘ ਜੀ

**ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਮਿਤੀ 13, 14 ਤੇ 15 ਜਨਵਰੀ ਦਿਨ ਬੁੱਧਵਾਰ, ਵੀਰਵਾਰ ਤੇ ਸ਼ੁੱਕਰਵਾਰ ਨੂੰ**

## ਸਾਲਾਨਾ ਸਮਾਗਮ ਤੇ ਯੱਗ-ਭੰਡਾਰਾ

ਬੜ੍ਹੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਹੋ ਰਿਹਾ ਹੈ। ਇਸ ਮੌਕੇ 'ਤੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ, ਕਵੀ, ਗੁਣੀ-ਗਿਆਨੀ, ਸੰਤ ਮਹਾਂਪੁਰਖ ਅੰਮ੍ਰਿਤਮਈ ਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਪ੍ਰੋਗਰਾਮ

- ਅੱਜ 12 ਜਨਵਰੀ ਦਿਨ ਮੰਗਲਵਾਰ ਨੂੰ 27 ਅਖੰਡ ਪਾਠ ਸਵੇਰੇ 9 ਵਜੇ ਆਰੰਭ ਹੋਣਗੇ।
- ਮਿਤੀ 13 ਜਨਵਰੀ ਦਿਨ ਬੁੱਧਵਾਰ ਨੂੰ ਕੰਠ-ਸ਼ੁੱਧ ਗੁਰਬਾਣੀ ਉਚਾਰਣ ਮੁਕਾਬਲੇ ਹੋਣਗੇ।
- ਮਿਤੀ 14 ਜਨਵਰੀ ਦਿਨ ਵੀਰਵਾਰ ਨੂੰ 27 ਸ੍ਰੀ ਅਖੰਡ-ਪਾਠਾਂ ਦੀ ਸਮਾਪਤੀ ਸਵੇਰੇ 9 ਵਜੇ ਉਪਰੰਤ ਚੋਲੇ (ਕੁੜਤੇ) ਪਾਉਣ ਤੇ ਕੰਘੇ ਲਾਉਣ ਦੀ ਰਸਮ ਹੋਵੇਗੀ।
- ਮਿਤੀ 14 ਜਨਵਰੀ ਦਿਨ ਵੀਰਵਾਰ ਰਾਤ ਨੂੰ ਮਹਾਨ ਕੀਰਤਨ-ਦਰਬਾਰ ਹੋਵੇਗਾ। ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।
- ਮਿਤੀ 14 ਜਨਵਰੀ ਦਿਨ ਵੀਰਵਾਰ ਰਾਤ ਨੂੰ 10 ਵਜੇ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਰਚਿਤ 'ਆਸਾ ਕੀ ਵਾਰ' ਸਟੀਕ ਪੁਸਤਕ ਰਿਲੀਜ਼ ਕੀਤੀ ਜਾਵੇਗੀ।
- ਮਿਤੀ 15 ਜਨਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਤੋਂ 1 ਵਜੇ ਤੱਕ ਸੰਤ-ਸੰਮੇਲਨ ਹੋਵੇਗਾ।
- ਮਿਤੀ 15 ਜਨਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਸੱਤਵਾਂ ਭਾਈ ਘਨੱਈਆ ਐਵਾਰਡ ਭਾਈ ਗੁਰਇਕਬਾਲ ਸਿੰਘ ਜੀ ਗੁ. ਮਾਤਾ ਕੌਲਾਂ ਜੀ ਅੰਮ੍ਰਿਤਸਰ ਨੂੰ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ ਪ੍ਰਦਾਨ ਕਰਨਗੇ।
- ਮਿਤੀ 15 ਜਨਵਰੀ ਦਿਨ ਸ਼ੁੱਕਰਵਾਰ ਨੂੰ ਦੁਪਹਿਰ 11 ਵਜੇ ਤੋਂ 2 ਵਜੇ ਤੱਕ ਟਿਕਾਣਾ ਸਾਹਿਬ ਵਿਖੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਪੰਜ ਪਿਆਰਿਆਂ ਦਾ ਜਥਾ ਵੱਡੇ ਪੱਧਰ 'ਤੇ ਅੰਮ੍ਰਿਤ-ਸੰਚਾਰ ਕਰਾਵੇਗਾ।
- ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਜੀ ਨੰਦਗੜ੍ਹ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦਰਸ਼ਨ ਦੇਣਗੇ ਤੇ ਸੰਗਤਾਂ ਨੂੰ ਸੰਬੋਧਨ ਕਰਨਗੇ।

**ਗੁਰੂ ਕਾ ਲੰਗਰ, ਚਾਹ ਅਤੇ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ**

**ਸਾਧ-ਸੰਗਤ ਦੇ ਦਾਸ**
ਸੰਤ ਹਰਪਾਲ ਸਿੰਘ 'ਸੇਵਾ ਪੰਥੀ'
ਸੰਤ ਰਣਜੀਤ ਸਿੰਘ 'ਸੇਵਾ ਪੰਥੀ'
ਫੋਨ : 2262276,
98140-35191
ਸੰਤ ਜਗਜੀਤ ਸਿੰਘ 'ਸੇਵਾ ਪੰਥੀ'
98140-90142



ਮਹੰਤ ਕਾਹਨ ਸਿੰਘ 'ਸੇਵਾ ਪੰਥੀ'
ਫੋਨ : 0164-2262012,
98140-04503


## ਹਰਿਆਣਾ ਮੰਤਰੀ ਮੰਡਲ ਦਾ ਵਿਸਥਾਰ ਜਿਮਨੀ ਚੋਣ ਬਾਅਦ-ਹੁੱਡਾ

ਚੰਡੀਗੜ੍ਹ, 11 ਜਨਵਰੀ (ਡਾ. ਸਵਾਸਤਿਕ ਸ਼ਰਮਾ)- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਅੱਜ ਕਿਹਾ ਕਿ ਹਰਿਆਣਾ ਮੰਤਰੀ ਮੰਡਲ ਦਾ ਵਿਸਥਾਰ ਏਲਨਾਬਾਦ ਜ਼ਿਮਨੀ ਚੋਣ ਦੇ ਬਾਅਦ ਕੀਤਾ ਜਾਵੇਗਾ। ਮੁੱਖ ਮੰਤਰੀ ਅੱਜ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਚੌਧਰੀ ਫੂਲ ਚੰਦ ਮੁਲਾਨਾ ਦੇ ਅੰਬਾਲਾ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ, ਨੇ ਕਿਹਾ ਕਿ ਮੰਤਰੀ ਮੰਡਲ ਦਾ ਵਿਸਥਾਰ ਕਾਂਗਰਸ ਹਾਈਕਮਾਨ ਨਾਲ ਵਿਚਾਰ-ਵਟਾਂਦਰੇ ਦੇ ਬਾਅਦ ਕੀਤਾ ਜਾਵੇਗਾ। ਏਲਨਾਬਾਦ ਜਿਮਨੀ ਚੋਣ ਨੂੰ ਲੈ ਕੇ ਪੁੱਛੇ ਗਏ ਇਕ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਇਸ ਜਿਮਨੀ ਚੋਣ ਵਿਚ ਕਾਂਗਰਸ ਉਮੀਦਵਾਰ ਭਾਰੀ ਗਿਣਤੀ ਨਾਲ ਜੀਤ ਦਰਜ ਕਰੇਗਾ। ਅੰਬਾਲਾ ਵਿਚ ਸਨਅਤੀ ਮਾਡਲ ਟਾਊਨਸ਼ਿਪ ਦੀ ਸਥਾਪਨਾ ਦੇ ਬਾਰੇ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਇਸ ਟਾਊਨਸ਼ਿਪ ਦੇ ਵਿਕਾਸ ਦੇ ਲਈ ਗੰਭੀਰਤਾਪੂਰਵਕ ਯਤਨ ਕਰ ਰਹੀ ਹੈ ਅਤੇ ਅਧਿਕਾਰੀਆਂ ਨਾਲ ਇਸ ਪਰਿਯੋਜਨਾ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਅੰਬਾਲਾ ਦੇ ਨਾਲ ਆਪਣੇ ਵਿਸ਼ੇਸ਼

(ਬਾਕੀ ਸਫਾ 2 'ਤੇ)

## ਅਮਰੀਕ ਸਿੰਘ ਤਲਵੰਡੀ ਸਮਾਜ ਲਈ ਪ੍ਰੇਰਨਾ ਸਰੋਤ-ਇਆਲੀ

ਮੁੱਲਾਂਪੁਰ ਦਾਖਾ, 11 ਜਨਵਰੀ (ਰਾਜ ਜੋਸ਼ੀ)—ਅਧਿਆਪਕ ਲੇਖਕ ਅਤੇ ਸਮਾਜ ਸੇਵੀ ਦੀ ਤ੍ਰਿਵੈਣੀ ਸੇਵਾ ਮੁਕਤ ਹੋਏ ਸੂਬਾ ਅਤੇ ਕੌਮੀ ਐਵਾਰਡੀ ਅਮਰੀਕ ਸਿੰਘ ਤਲਵੰਡੀ ਵਰਗੀਆਂ ਸਖਸੀਅਤਾਂ ਆਪਣੀ ਜ਼ਿੰਦਗੀ ਦੇ ਕਰੀਬ 4 ਦਹਾਕੇ ਆਪਣੇ ਸਬੰਧਿਤ ਖੇਤਰਾਂ ਵਿੱਚ ਤਾਂ ਮੱਲਾਂ ਮਾਰੀਆਂ ਹੀ ਹਨ, ਬਲਕਿ ਇਨ੍ਹਾਂ ਵੱਲੋਂ ਸਮਾਜ ਦੀਆਂ ਕੁਰੀਤੀਆਂ ਦੇ ਹੱਲ ਲਈ ਹਾਲੇ ਵੀ ਯਤਨ ਜਾਰੀ ਹਨ, ਜਿਹੜੇ ਸਾਡੇ ਸਮਾਜ ਲਈ ਪ੍ਰੇਰਨਾ ਦਾ ਸਰੋਤ ਹਨ। ਇਹ ਸ਼ਬਦ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਸ. ਮਨਪ੍ਰੀਤ ਸਿੰਘ ਇਆਲੀ ਨੇ ਬੀਤੇ ਦਿਨੀਂ ਅਧਿਆਪਕ

(ਬਾਕੀ ਸਫਾ 2 'ਤੇ)

## ਸਾਡੇ ਸਮਾਜ ਨੂੰ ਬਣਾਉਣ ਵਿੱਚ ਪੁਰਸ਼ਾਂ ਤੋਂ ਜ਼ਿਆਦਾ ਯੋਗਦਾਨ ਔਰਤਾਂ ਨੇ ਪਾਇਆ -ਸੰਤ ਬਾਬਾ ਨਛੱਤਰ ਸਿੰਘ

### ਬੱਚੀਆਂ ਨੂੰ ਜਨਮ ਦੇਣ ਵਾਲੀਆਂ ਮਹਾਨ ਔਰਤਾਂ ਦਾ ਸਨਮਾਨ ਅੱਜ

**ਕੁੜੀਆਂ ਦੀ ਲੋਹੜੀ**

ਮੋਗਾ 11 ਜਨਵਰੀ (ਅ.ਬ.) ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਾਰੇ ਗ੍ਰੰਥਾਂ ਨੇ ਵੀ ਔਰਤ ਨੂੰ ਜਗਤ ਜਨਨੀ ਦਾ ਦਰਜ਼ਾ ਦਿੱਤਾ ਹੈ। ਇਹ ਔਰਤ ਹੀ ਹੈ ਜਿਸ ਦੀ ਕੁੱਖੋਂ ਜਨਮ ਲੈ ਕੇ ਹਜ਼ਾਰਾਂ ਰਿਸ਼ੀਆਂ ਮੁਨੀਆਂ, ਪੀਰਾਂ ਫ਼ਕੀਰਾਂ ਅਤੇ ਹੋਰ ਰਹਿਬਰਾਂ ਗੁਰੂ ਸਾਹਿਬਾਨਾਂ ਨੇ ਇਸ ਦੁਨੀਆ ਦੀ ਧਰਤੀ ਨੂੰ ਪਾਕ ਪਵਿੱਤਰ ਕੀਤਾ ਪ੍ਰੰਤੂ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਔਰਤ ਹੀ ਔਰਤ ਦਾ ਹੀ ਕਤਲ ਕਰ ਰਹੀ ਹੈ ਅਤੇ ਧੀਆਂ ਨੂੰ ਇਸ ਧਰਤੀ ਤੇ ਆਉਣ ਤੋਂ ਪਹਿਲਾਂ ਹੀ ਖ਼ਤਮ ਕੀਤਾ ਜਾ ਰਿਹਾ ਹੈ। ਜੋ ਮਨੁੱਖਤਾ ਲਈ ਅਤਿ ਘਾਤਕ ਹੈ। ਅਸੀਂ ਦਾਜ ਵਰਗੀ ਬੁਰਾਈ ਨੂੰ ਖ਼ਤਮ ਕਰਕੇ ਭਰੂਣ ਹੱਤਿਆ ਵਰਗੀ ਬੁਰਾਈ ਤੇ ਕਾਬੂ ਪਾ ਸਕਦੇ ਹਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਲਵੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਨਛੱਤਰ

(ਬਾਕੀ ਸਫਾ 2 'ਤੇ)

## ਹਬੀਬ ਜੇਲ੍ਹ ਤੋਂ ਰਿਹਾਅ

ਨਵੀਂ ਦਿੱਲੀ 11 ਜਨਵਰੀ (ਇੰਟ)-ਸਾਊਦੀ ਅਰਬ ਤੋਂ ਬਿਨ੍ਹਾਂ ਪਾਸਪੋਰਟ ਅਤੇ ਟਿਕਟ ਦੇ ਜ਼ਹਾਜ਼ 'ਚ ਛੁੱਪ ਕੇ ਭਾਰਤ ਪਹੁੰਚੇ ਹਬੀਬ ਹੁਸੈਨ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਕਰੀਬ 15 ਦਿਨ ਤੱਕ ਪੁਲਿਸ ਹਿਰਾਸਤ ਅਤੇ ਫਿਰ ਜੇਲ੍ਹ ਦੀਆਂ ਸਲਾਖਾਂ ਵਿੱਚੋਂ ਰਹਿ ਕੇ ਹਬੀਬ ਜਦ ਜੈਪੁਰ ਦੇ ਕੇਂਦਰੀ ਜੇਲ੍ਹ ਤੋਂ ਬਾਹਰ ਨਿਕਲਿਆ ਤਾਂ ਆਪਣੇ ਰਿਸ਼ਤੇਦਾਰਾਂ ਨੇ ਨਮ ਅੱਖਾਂ ਨਾਲ ਸਵਾਗਤ ਕੀਤਾ। ਖੁੱਦ ਹਬੀਬ ਦੀਆਂ ਅੱਖਾਂ 'ਚ ਵੀ ਉਸ ਸਮੇਂ ਪਾਣੀ ਆ ਗਿਆ ਜਦ ਭਰਾ ਜਲਾਲੂਦੀਨ ਨੇ ਉਸ ਨੂੰ ਆਪਣੀਆਂ ਬਾਹਾਂ ਵਿੱਚ ਲਿਆ। ਹਬੀਬ ਨੂੰ ਬੀਤੇ ਦਸੰਬਰ 'ਚ ਜੈਪੁਰ ਹਵਾਈ ਅੱਡੇ ਤੋਂ ਹਿਰਾਸਤ 'ਚ ਲਿਆ ਗਿਆ ਸੀ ਉਸ ਸਮੇਂ ਉਸ 'ਤੇ ਆਰੋਪ ਸੀ ਕਿ ਉਹ ਮਦੀਨਾ ਤੋਂ ਹੱਜ ਯਾਤਰੀਆਂ ਨੂੰ ਲੈਕੇ ਆ ਰਹੇ ਜਹਾਜ਼ ਦੇ ਬਾਥਰੂਮ 'ਚ ਛੁੱਪ ਕੇ ਜੈਪੁਰ ਤੱਕ ਆਇਆ ਸੀ। ਹਬੀਬ ਨੂੰ ਪੁਲਿਸ ਨੇ ਭਾਰਤ ਦੇ

(ਬਾਕੀ ਸਫਾ 2 'ਤੇ)




### ਮੋਗਾ, ਬਾਘਾ ਪੁਰਾਣਾ ਤੋਂ ਪੱਤਰਕਾਰਾਂ ਦੀ ਲੋੜ

'ਅੱਜ ਦੀ ਆਵਾਜ਼' ਨੂੰ ਮੋਗਾ ਅਤੇ ਬਾਘਾ ਪੁਰਾਣਾ ਸਟੇਸ਼ਨ ਤੋਂ ਨਵੇਂ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਕਿਸੇ ਵੀ ਕੰਮ ਵਾਲੇ ਦਿਨ ਮੋਬਾ. ਨੰਬਰ 93170-06161 'ਤੇ ਸੰਪਰਕ ਕਰ ਸਕਦੇ ਹਨ।

-ਮੈਨੇਜਰ


## ਪੰਜਾਬ 'ਚ ਰੇਲਵੇ ਨੈਟਵਰਕ ਦੇ ਨਵੀਨੀਕਰਨ ਲਈ ਮਮਤਾ ਬੈਨਰਜੀ ਨੂੰ ਮਿਲਣਗੇ ਸੁਖਬੀਰ ਬਾਦਲ

ਚੰਡੀਗੜ੍ਹ, 11 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਦੇ ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਉਹ ਤੇਲ ਸੋਧਕ ਕਾਰਖਾਨੇ, ਥਰਮਲ ਪਲਾਟਾਂ ਅਤੇ ਹੋਰ ਸਹਾਇਕ ਸਨਅਤਾਂ ਦੀਆਂ ਲੋੜਾਂ ਦੇ ਮੱਦੇ ਨਜ਼ਰ ਪੰਜਾਬ ਦੇ ਰੇਲਵੇ ਨੈਟਵਰਕ ਦੇ ਵੱਡੇ ਪੱਧਰ ਤੇ ਅਪਗ੍ਰੇਡੇਸ਼ਨ ਲਈ ਕੇਂਦਰੀ ਰੇਲਵੇ ਮੰਤਰੀ ਕੁਮਾਰੀ ਮਮਤਾ ਬੇਨਰਜੀ ਨੂੰ ਮਿਲਣਗੇ। ਅੱਜ ਇਥੇ ਜਾਰੀ ਇਕ ਬਿਆਨ ਰਾਹੀਂ ਸ਼੍ਰੀ ਬਾਦਲ ਨੇ ਕਿਹਾ ਕਿ ਦੇਸ਼ ਦੀ ਅਜ਼ਾਦੀ ਦੇ 62 ਵਰਿਆਂ ਬਾਅਦ ਵੀ ਪੰਜਾਬ ਅੰਦਰ ਮੱਧਕਾਲ ਵਾਲਾ ਰੇਲ ਨੈਟਵਰਕ ਹੈ ਜੋ ਰਾਜ ਅੰਦਰ ਸਨਅਤ ਦੇ ਵਿਕਾਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਉਨ੍ਹਾਂ ਅਫਸੋਸ ਪ੍ਰਗਟਾਇਆ ਕਿ ਭਾਖੜਾ ਉਪਰੰਤ ਰਾਜ ਨੂੰ ਇਕ ਵੀ ਕੇਂਦਰੀ ਜਾਂ ਨਿੱਜੀ ਖੇਤਰ ਦਾ ਬਹੁ-ਹਜ਼ਾਰ ਕਰੋੜੀ ਪ੍ਰਾਜੈਕਟ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨਾ ਪਹਿਲਾ ਅਜਿਹਾ ਬਹੁ-ਹਜਾਰ ਕਰੋੜੀ ਪ੍ਰਾਜੈਕਟ ਹੈ ਜੋ ਪਿਛਲੀ ਕਾਂਗਰਸ ਸਰਕਾਰ ਦੇ ਅਨੇਕਾ ਅੜਿੱਕਿਆਂ ਦੇ ਬਾਵਜੂਦ ਸਾਡੇ ਨਿੱਜੀ ਯਤਨਾਂ ਨਾਲ ਪੰਜਾਬ ਨੂੰ ਮਿਲ ਸਕਿਆ ਹੈ। ਉਨ੍ਹਾਂ ਕਿਹਾ ਕਿ ਤੇਲ ਸੋਧਕ ਕਾਰਖਾਨਾ ਅਤੇ ਤਲਵੰਡੀ ਸਾਬੋ ਅਤੇ ਗਿੱਦੜਬਾਹਾ ਵਿਖੇ ਲਗਣ ਵਾਲੇ ਥਰਮਲ ਪਲਾਂਟਾ ਕਾਰਨ ਇਸ ਖੇਤਰ ਦੇ ਵੱਡੇ ਪੱਧਰ ਤੇ ਸਨਅਤੀ ਕਰਨ ਦੇ ਮੱਦੇ ਨਜ਼ਰ ਮੌਜੂਦਾ ਰੇਲ ਨੈਟਵਰਕ ਨੂੰ ਵਿਆਪਕ ਬਣਾਏ ਜਾਣ ਦੀ ਭਾਰੀ ਲੋੜ ਹੈ। ਸ੍ਰ: ਬਾਦਲ ਨੇ ਕਿਹਾ ਕਿ ਉਹ ਕੇਂਦਰੀ ਰੇਲਵੇ ਮੰਤਰੀ ਨੂੰ ਦਿਲੀ-ਬਠਿੰਡਾ ਵਾਇਆ ਜਾਖਲ ਮਾਨਸਾ ਦਿਲੀ-ਬਠਿੰਡਾ ਵਾਇਆ ਪਟਿਆਲਾ-ਅੰਬਾਲਾ (ਲਹਿਰਾ ਮੁਹੱਬਤ, ਬਠਿੰਡਾ ਅਤੇ ਗਿੱਦੜਬਾਹਾ ਥਰਮਲ ਪਲਾਟਾਂ ਨੂੰ ਜੋੜਦਿਆਂ), ਦਿੱਲੀ-ਬਠਿੰਡਾ ਵਾਇਆ ਸਿਰਸਾ-ਹਿਸਾਰ (ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨਾ ਅਤੇ ਤਲਵੰਡੀ ਸਾਬੋ ਥਰਮਲ ਪਲਾਂਟ ਨੂੰ ਜੋੜਦਿਆਂ) ਰੇਲ ਲਿੰਕਾਂ ਨੂੰ ਦੂਹਰਾ ਬਣਾਏ ਜਾਣ ਤੋਂ ਇਲਾਵਾ ਇਨ੍ਹਾਂ ਦੇ ਮੁਕੰਮਲ ਬਿਜਲੀਕਰਨ ਦੀ ਵੀ ਗੱਲ ਕਰਨਗੇ। ਉਨ੍ਹਾਂ ਕਿਹਾ ਕਿ ਉਹ ਕੇਂਦਰੀ ਰੇਲਵੇ ਮੰਤਰੀ ਤੇ ਜ਼ੋਰ ਦੇਣਗੇ ਕਿ ਇਨ੍ਹਾਂ ਪ੍ਰਾਜੈਕਟਾਂ ਦੇ ਨਾਲ-ਨਾਲ ਦਿਲੀ-ਬਠਿੰਡਾ ਸ਼ਤਾਬਦੀ ਵਾਇਆ ਮਾਨਸਾ-ਜਾਖਲ ਦਾ ਵੀ ਐਲਾਨ ਅਗਾਮੀ ਰੇਲਵੇ ਬਜ਼ਟ ਵਿੱਚ ਕੀਤਾ ਜਾਵੇ ਤਾਂ ਜੋ ਸਾਲ 2012 ਵਿੱਚ ਇਨ੍ਹਾਂ ਪ੍ਰਾਜੈਕਟਾ ਦੇ ਸ਼ੁਰੂ ਹੋਣ ਮੌਕੇ ਅਪਗ੍ਰੇਡ ਕੀਤੇ ਗਏ ਰੇਲਵੇ ਨੈਟਵਰਕ ਦਾ ਵੱਧ ਤੋ ਵੱਧ ਲਾਹਾ ਉਠਾਇਆ ਜਾ ਸਕੇ। ਤੇਲ ਸੋਧਕ ਕਾਰਖਾਨੇ ਅਤੇ ਥਰਮਲ ਪਲਾਟਾਂ ਦੇ ਰੂਪ ਵਿੱਚ ਬਹੁ-ਹਜ਼ਾਰ ਕਰੋੜੀ ਪ੍ਰਾਜੈਕਟਾਂ ਨੂੰ ਚਾਲੂ ਕਰਕੇ ਪੰਜਾਬ ਨੂੰ ਠੋਸ ਆਰਥਿਕ ਅਧਾਰ ਪ੍ਰਦਾਨ ਕਰਨ ਦੇ ਸ਼੍ਰੋਮਣੀ ਅਕਾਲੀ ਦਲ ਭਾਜਪਾ ਸਰਕਾਰ ਦੇ ਨਿਸ਼ਚੇ ਨੂੰ ਦੁਹਰਾਉਂਦਿਆਂ ਸ੍ਰ:ਬਾਦਲ ਨੇ ਕਿਹਾ ਕਿ ਸਾਲ 2012 ਵਿੱਚ ਇਨ੍ਹਾਂ ਪ੍ਰਾਜੈਕਟਾਂ ਦੀ ਸਮੇਂ ਸਿਰ ਸ਼ੁਰੂ ਹੋ ਜਾਣ ਨਾਲ ਕਾਂਗਰਸੀ ਪ੍ਰਚਾਰ ਦੀ ਹਵਾ ਨਿਕਲ ਜਾਵੇਗੀ। ਉਨ੍ਹਾਂ ਪੰਜਾਬ ਦੇ ਹਰ ਵਾਸੀ ਦੀ ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣ ਲਈ ਸਮੂਹ ਜਨਤਕ ਡੀਲਿੰਗ ਵਾਲੇ ਵਿਭਾਗਾਂ ਅੰਦਰ ਪ੍ਰਸ਼ਾਸ਼ਕੀ ਸੁਧਾਰਾ ਦਾ ਦੌਰ ਸ਼ੁਰੂ ਕੀਤੇ ਜਾਣ ਦੀ ਗੱਲ ਕਰਦਿਆਂ ਭਰੋਸਾ ਦਿੱਤਾ ਕਿ ਕਿਸੇ ਦੇ ਨਿੱਜੀ ਮੁਫ਼ਾਦ ਲਈ ਇਨ੍ਹਾਂ ਸੁਧਾਰਾ ਦੀ ਲੜੀ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ।